ਅਸਿਸਮੈਂਟ (ਜਾਂਚ) ਲਈ ਤਿਆਰ ਹੋਣਾ

ਆਪਣੀ ਅਪੌਇੰਟਮੈਂਟ ਵਾਲੇ ਦਿਨ ਅੱਗੇ ਲਿਖੀ ਜਾਣਕਾਰੀ ਕੋਲ ਹੋਣ ਨਾਲ ਫਾਇਦਾ ਹੋਵੇਗਾ। ਇਸ ਜਾਣਕਾਰੀ ਨੂੰ ਪਹਿਲਾਂ ਹੀ ਲਿਖ ਲੈਣ ਨਾਲ ਮਦਦ ਹੋਵੇਗੀ।

ਜਿਹੜੀਆਂ ਗੱਲਾਂ ਤੁਹਾਡੇ ਤੋਂ ਪੁੱਛੀਆਂ ਜਾਣਗੀਆਂ

- ਤੁਸੀਂ ਕਿਹੜੇ ਲੱਛਣ ਦੇਖੇ ਹਨ?
- ਇਹ ਲੱਛਣ ਪਹਿਲਾਂ ਕਦੋਂ ਦਿਖਾਈ ਦਿੱਤੇ?
- ਸਮੇਂ ਨਾਲ ਇਨ੍ਹਾਂ ਲੱਛਣਾਂ ਵਿਚ ਕਿਵੇਂ ਤਬਦੀਲੀ ਹੋਈ?
- ਕੀ ਸਿਹਤ ਦੀ ਕੋਈ ਹੋਰ ਸਮੱਸਿਆ ਹੈ?
- ਇਸ ਵੇਲੇ ਕਿਹੜੀਆਂ ਦਵਾਈਆਂ ਲਈਆਂ ਜਾ ਰਹੀਆਂ ਹਨ (ਡਾਕਟਰ ਦੀ ਪਰਚੀ ਨਾਲ ਖਰੀਦੀਆਂ ਜਾਂ ਬਿਨਾਂ ਪਰਚੀ ਦੇ ਖਰੀਦੀਆਂ)?
- ਇਸ ਵੇਲੇ ਕਿਹੜੀਆਂ ਹੋਰ ਦੇਸੀ ਦਵਾਈਆਂ ਅਤੇ/ਜਾਂ ਖੁਰਾਕੀ ਸਪਲੀਮੈਂਟ ਲਏ ਜਾ ਰਹੇ ਹਨ?
- ਕੀ ਪਰਿਵਾਰ ਵਿਚ ਪਹਿਲਾਂ ਕਿਸੇ ਨੂੰ ਅਲਜ਼ਾਇਮਰ ਰੋਗ ਜਾਂ ਮਾਨਸਿਕ ਰੋਗ ਹੋਇਆ ਹੈ?

ਜਿਹੜੀਆਂ ਗੱਲਾਂ ਤੁਸੀਂ ਪੁੱਛਣਾ ਚਾਹੁੰਦੇ ਹੋ ਸਕਦੇ ਹੋ

- ਕਿਹੜੇ ਟੈੱਸਟ ਕੀਤੇ ਜਾਣਗੇ?
- ਟੈੱਸਟਾਂ ਵਿਚ ਕੀ ਹੋਵੇਗਾ?
- ਟੈੱਸਟ ਨੂੰ ਕਿੰਨਾ ਸਮਾਂ ਲੱਗੇਗਾ?
- ਟੈੱਸਟ ਦੇ ਨਤੀਜਿਆਂ ਬਾਰੇ ਕਦੋਂ ਪਤਾ ਲੱਗੇਗਾ?
- ਨਤੀਜਿਆਂ ਬਾਰੇ ਕਿਵੇਂ ਦੱਸਿਆ ਜਾਵੇਗਾ? ਇਸ ਵਿਚ ਕੌਣ ਸ਼ਾਮਲ ਹੋਵੇਗਾ?

ਪਰਿਵਾਰ ਦਾ ਰੋਲ

ਕਈ ਵਾਰੀ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਵਿਅਕਤੀ ਡਾਕਟਰ ਕੋਲ ਆਪ ਚਲਾ ਜਾਂਦਾ ਹੈ। ਕਈ ਹੋਰਨਾਂ ਦੀ ਸਮੱਸਿਆ ਬਾਰੇ ਡਾਕਟਰ ਨੂੰ ਦੱਸਣ ਲਈ ਪਰਿਵਾਰ ਆਪਣਾ ਰੋਲ ਨਿਭਾਉਂਦਾ ਹੈ।

ਕਿਸੇ ਦੀ ਮਦਦ ਕਰਨ ਲਈ ਕੁਝ ਨੁਸਖੇ

- ਉਸ ਵਿਅਕਤੀ ਲਈ ਅਪੌਇੰਟਮੈਂਟ ਬਣਾਉ
- ਲਿਜਾਣ ਵਿਚ ਮਦਦ ਕਰੋ
- ਪਰਿਵਾਰ ਦੇ ਹੋਰ ਮੈਂਬਰਾਂ ਨੂੰ ਇਹ ਕਿਤਾਬਚਾ ਪੜ੍ਹਾਉ
- ਵਿਅਕਤੀ ਦੀਆਂ ਅਪੌਇੰਟਮੈਂਟਾਂ ਅਤੇ ਟੈੱਸਟਾਂ 'ਤੇ ਨਾਲ ਜਾਉ
- ਪਹਿਲੀ ਅਪੌਇੰਟਮੈਂਟ ਲਈ ਜਾਣਕਾਰੀ ਤਿਆਰ ਕਰਨ ਵਿਚ ਮਦਦ ਕਰੋ
- ਇਹ ਸਮਝੋ ਕਿ ਇਹ ਸਮਾਂ ਉਸ ਵਿਅਕਤੀ ਲਈ ਬੜਾ ਘਬਰਾਹਟ ਵਾਲਾ ਹੋ ਸਕਦਾ ਹੈ ਅਤੇ ਉਸ ਦੀ ਜਜ਼ਬਾਤੀ ਮਦਦ ਕਰੋ
- ਧੀਰਜ ਰੱਖੋ; ਰੋਗ ਦੀ ਪਛਾਣ ਕਰਨ ਨੂੰ ਲੰਬਾ ਸਮਾਂ ਲੱਗ ਸਕਦਾ ਹੈ

ਜੇ ਅਲਜ਼ਾਇਮਰ ਰੋਗ ਦੀ ਪਛਾਣ ਹੋਵੇ

ਤੁਸੀਂ ਇਹ ਸਵਾਲ ਪੁੱਛਣਾ ਚਾਹੁੰਦੇ ਹੋ ਸਕਦੇ ਹੋ:

- ਰੋਗ ਦੀ ਪਛਾਣ ਦਾ ਕੀ ਮਤਲਬ ਹੈ?
- ਆਉਣ ਵਾਲੇ ਸਮੇਂ ਵਿਚ ਕੀ ਉਮੀਦ ਕੀਤੀ ਜਾ ਸਕਦੀ ਹੈ?
- ਹੁਣ ਅਤੇ ਆਉਣ ਵਾਲੇ ਸਮੇਂ ਵਿਚ ਕਿਸ ਤਰ੍ਹਾਂ ਦੀ ਸੰਭਾਲ ਦੀ ਲੋੜ ਪਵੇਗੀ ਅਤੇ ਕੀ ਇਸ ਤਰ੍ਹਾਂ ਦੀ ਸੰਭਾਲ ਮੌਜੂਦ ਹੈ?
- ਕਿਹੜਾ ਇਲਾਜ ਮੌਜੂਦ ਹੈ? ਇਸ ਦੇ ਖਤਰੇ ਅਤੇ ਫਾਇਦੇ ਕੀ ਹਨ?
- ਮਦਦ ਲਈ ਕਮਿਉਨਟੀ ਵਿਚ ਕਿਹੜੇ ਵਸੀਲੇ ਮੌਜੂਦ ਹਨ?
- ਕੀ ਕਿਸੇ ਦਵਾਈ 'ਤੇ ਤਜਰਬਾ ਹੋ ਰਿਹਾ ਹੈ ਜਿਸ ਵਿਚ ਹਿੱਸਾ ਲਿਆ ਜਾ ਸਕਦਾ ਹੋਵੇ?
- ਅਗਲੀ ਅਪੌਇੰਟਮੈਂਟ ਕਦੋਂ ਹੈ?

ਅਲਜ਼ਾਇਮਰ ਸੁਸਾਇਟੀ ਬਿਨਾਂ ਮੁਨਾਫੇ ਤੋਂ ਕੰਮ ਕਰਨ ਵਾਲੀ ਇਕ ਸਿਹਤ ਸੰਸਥਾ ਹੈ ਜੋ ਕਿ ਅਲਜ਼ਾਇਮਰ ਦੇ ਰੋਗ ਤੋਂ ਪੀੜਤ ਵਿਅਕਤੀਆਂ ਦੀ ਮਦਦ ਨੂੰ ਸਮਰਪਿਤ ਹੈ। ਸੁਸਾਇਟੀ ਕੋਲ ਬੀਮਾਰੀ ਦੇ ਰੋਗੀਆਂ ਅਤੇ ਉਨ੍ਹਾਂ ਦੀ ਦੇਖਭਾਲ ਕਰਨ ਵਾਲਿਆਂ ਲਈ ਕਈ ਵਸੀਲੇ ਅਤੇ ਸਹਾਇਤਾ ਦੇ ਪ੍ਰੋਗਰਾਮ ਹਨ। ਸੁਸਾਇਟੀ ਇਸ ਬੀਮਾਰੀ ਦੇ ਕਾਰਨਾਂ ਅਤੇ ਇਲਾਜ ਬਾਰੇ ਹੋਣ ਵਾਲੀ ਖੋਜ ਅਤੇ ਸੰਭਾਲ ਦੇ ਬਿਹਤਰ ਤਰੀਕਿਆਂ ਦਾ ਪਤਾ ਲਾਉਣ ਲਈ ਵੀ ਫੰਡ ਦਿੰਦੀ ਹੈ।

ਹੋਰ ਜਾਣਕਾਰੀ ਲਈ ਆਪਣੇ ਨੇੜੇ ਦੀ ਅਲਜ਼ਾਇਮਰ ਸੁਸਾਇਟੀ ਨਾਲ ਸੰਪਰਕ ਕਰੋ ਜਾਂ www.alzheimerbc.org 'ਤੇ ਸਾਡਾ ਵੈੱਬਸਾਈਟ ਦੇਖੋ।

ਅੱਜ ਲਈ ਮਦਦ, *ਕੱਲ ਲਈ ਆਸ...*

Alzheimer Society
BRITISH COLUMBIA

300-828 West 8th Avenue, Vancouver, B.C. V5Z 1E2
ਫੋਨ: 604-681-6530 1-800-667-3742
ਫੈਕਸ: 604-669-6907
info@alzheimerbc.org www.alzheimerbc.org

ਚੈਰੀਟੇਬਲ ਰਜਿਸਟਰੇਸ਼ਨ ਨੰਬਰ: 11878 4891 RR0001

Getting a Diagnosis - [Punjabi] 2007

ਰੋਗ ਦੀ ਪਛਾਣ ਕਰਵਾਉਣਾ:

ਪਤਾ ਲਾਉਣਾ ਕਿ ਕੀ ਇਹ ਅਲਜ਼ਾਇਮਰ ਰੋਗ ਹੈ

Alzheimer Society
BRITISH COLUMBIA

ਅਲਜ਼ਾਇਮਰ ਹੌਲੀ ਹੌਲੀ ਵਧ ਕੇ ਵਿਗੜਣ ਵਾਲਾ ਰੋਗ ਹੈ। ਇਸ ਦੇ ਲੱਛਣਾਂ ਵਿਚ ਯਾਦਾਸ਼ਤ ਘਟਣਾ, ਨਿਰਣਾ ਲੈਣ ਅਤੇ ਸੋਝੀ ਦੀ ਘਾਟ; ਰੋਜ਼ਮਰਾ ਦੇ ਕੰਮਾਂ ਵਿਚ ਮੁਸ਼ਕਲ; ਅਤੇ ਗੱਲਬਾਤ ਕਰਨ ਦੀ ਸਮਰੱਥਾ, ਮੂਡ ਅਤੇ ਸੁਭਾਅ ਵਿਚ ਤਬਦੀਲੀਆਂ ਆਉਣਾ ਸ਼ਾਮਲ ਹੈ। ਜੇਕਰ ਤੁਹਾਨੂੰ ਇਨ੍ਹਾਂ ਵਿਚੋਂ ਕੋਈ ਲੱਛਣ ਦਿਖਾਈ ਦੇਵੇ ਤਾਂ ਆਪਣੇ ਡਾਕਟਰ ਕੋਲ ਜਾਣਾ ਜ਼ਰੂਰੀ ਹੈ।

ਕਿਉਂ ਪਤਾ ਕਰੀਏ?

ਅਲਜ਼ਾਇਮਰ ਰੋਗ ਦੇ ਲੱਛਣ, ਡਿਪਰੈਸ਼ਨ, ਥਾਇਰਾਇਡ ਜਾਂ ਦਿਲ ਦੀ ਬੀਮਾਰੀ, ਇਨਫੈਕਸ਼ਨਾਂ, ਦਵਾਈਆਂ ਦੇ ਅਸਰ ਜਾਂ ਸ਼ਰਾਬ ਦੀ ਦੁਰਵਰਤੋਂ ਵਰਗੇ ਲੱਛਣਾਂ ਨਾਲ ਮਿਲਦੇ ਜੁਲਦੇ ਹੋ ਸਕਦੇ ਹਨ।

ਲੱਛਣਾਂ ਦੇ ਕਾਰਨ ਦਾ ਪਤਾ ਲਾਉਣ ਨਾਲ ਲੋਕਾਂ ਦੀ ਇਨ੍ਹਾਂ ਚੀਜ਼ਾਂ ਵਿਚ ਮਦਦ ਹੁੰਦੀ ਹੈ:

- ਲੱਛਣਾਂ ਦੇ ਸ੍ਰੋਤ ਬਾਰੇ ਜਾਣਨ ਵਿਚ
- ਢੁਕਵੀਂ ਸਹਾਇਤਾ, ਇਲਾਜ ਅਤੇ ਮਦਦ ਲੈਣ ਵਿਚ
- ਭਵਿੱਖ ਲਈ ਯੋਜਨਾ ਬਣਾਉਣ ਵਿਚ

ਰੋਗ ਦੀ ਪਛਾਣ

ਇਸ ਵੇਲੇ ਕੋਈ ਇਕੱਲਾ ਟੈੱਸਟ ਨਹੀਂ ਹੈ ਜੋ ਇਹ ਦੱਸ ਸਕੇ ਕਿ ਕੀ ਕਿਸੇ ਵਿਅਕਤੀ ਨੂੰ ਅਲਜ਼ਾਇਮਰ ਰੋਗ ਹੈ ਜਾਂ ਨਹੀਂ। ਰੋਗ ਦੀ ਪਛਾਣ ਲਈ ਸਿਲਸਲੇਵਾਰ ਮੁਲਾਂਕਣ ਕੀਤਾ ਜਾਂਦਾ ਹੈ ਜਿਸ ਨਾਲ ਦੂਜੇ ਸੰਭਵ ਕਾਰਨਾਂ ਨੂੰ ਰੱਦ ਕੀਤਾ ਜਾਂਦਾ ਹੈ। ਜਦ ਤੱਕ ਕਿਸੇ ਨਤੀਜੇ 'ਤੇ ਨਾ ਪਹੁੰਚਿਆ ਜਾ ਸਕੇ, ਡਾਕਟਰ "ਸੰਭਵ ਤੌਰ 'ਤੇ ਅਲਜ਼ਾਇਮਰ ਰੋਗ" ਸ਼ਬਦ ਦੀ ਵਰਤੋਂ ਕਰਦੇ ਹਨ। ਪਰ ਤੁਹਾਨੂੰ ਇਸ ਗੱਲ ਦਾ ਪਤਾ ਹੋਣਾ ਚਾਹੀਦਾ ਹੈ ਕਿ ਡਾਕਟਰਾਂ ਵਲੋਂ ਰੋਗ ਦੀ ਪਛਾਣ 80 ਤੋਂ 90 ਪ੍ਰਤੀਸ਼ਤ ਸਹੀ ਹੁੰਦੀ ਹੈ।

ਰੋਗ ਦੀ ਪਛਾਣ ਕਰਨ ਨੂੰ ਸਮਾਂ ਲੱਗ ਸਕਦਾ ਹੈ। ਇਹ ਪਛਾਣ ਫੈਮਿਲੀ ਡਾਕਟਰ ਦੇ ਦਫਤਰ, ਮੈਮਰੀ ਕਲੀਨਿਕ ਜਾਂ ਹਸਪਤਾਲ ਵਿਚ ਕੀਤੀ ਜਾ ਸਕਦੀ ਹੈ। ਡਾਕਟਰ ਇਹ ਦੇਖ ਸਕਦਾ ਹੈ ਕਿ ਵਿਅਕਤੀ ਨੂੰ ਰੋਗ ਦੀ ਪਛਾਣ ਲਈ ਹੋਰ ਸਿਹਤ ਮਾਹਰਾਂ ਕੋਲ ਜਾਣ ਦੀ ਲੋੜ ਹੈ ਜਾਂ ਨਹੀਂ। ਇਨ੍ਹਾਂ ਮਾਹਰਾਂ ਵਿਚ ਸਾਇਕੋਲੋਜਿਸਟ (ਮਨੋਵਿਗਿਆਨੀ), ਸਾਇਕਐਟਰਿਸਟ, ਨਿਊਰੋਲੋਜਿਸਟ, ਬੁਢਾਪੇ ਨਾਲ ਸੰਬੰਧਿਤ ਰੋਗਾਂ ਦਾ ਮਾਹਰ ਡਾਕਟਰ, ਨਰਸ, ਸੋਸ਼ਲ ਵਰਕਰ ਜਾਂ ਆਕੂਪੇਸ਼ਨਲ ਥੈਰੇਪਿਸਟ ਸ਼ਾਮਲ ਹੋ ਸਕਦੇ ਹਨ। ਉਹ ਉਸ ਵਿਅਕਤੀ ਦੀ ਯਾਦਾਸ਼ਤ, ਸੋਝੀ, ਬੋਲਣ ਅਤੇ ਫੈਸਲਾ ਲੈਣ ਦੀ ਸਮਰੱਥਾ 'ਤੇ ਗੌਰ ਕਰਨਗੇ ਅਤੇ ਇਹ ਪਤਾ ਲਾਉਣਗੇ ਕਿ ਇਹ ਚੀਜ਼ਾਂ ਰੋਜ਼ਮਰਾ ਦੇ ਕਾਰਜਾਂ 'ਤੇ ਕਿਵੇਂ ਅਸਰ ਪਾ ਰਹੀਆਂ ਹਨ।

ਇਸ ਕਾਰਜ ਵਿਚ ਸ਼ਾਮਲ ਹੈ:

ਮੈਡੀਕਲ ਪਿਛੋਕੜ

ਪੀੜਤ ਵਿਅਕਤੀ ਅਤੇ ਉਸ ਦੇ ਪਰਿਵਾਰ ਦੇ ਮੈਂਬਰਾਂ ਦੋਨਾਂ ਤੋਂ ਜਾਂ ਉਸ ਵਿਅਕਤੀ ਦੇ ਦੋਸਤਾਂ ਤੋਂ ਉਸ ਦੀਆਂ ਹੁਣ ਦੀਆਂ ਅਤੇ ਪਿਛਲੀਆਂ ਨਿਸ਼ਾਨੀਆਂ ਪੁੱਛੀਆਂ ਜਾਂਦੀਆਂ ਹਨ। ਪਹਿਲੀਆਂ ਬੀਮਾਰੀਆਂ ਬਾਰੇ ਅਤੇ ਪਰਿਵਾਰ ਦੀ ਮੈਡੀਕਲ ਅਤੇ ਮਨੋਰੋਗਾਂ ਦੀ ਹਿਸਟਰੀ ਬਾਰੇ ਸਵਾਲ ਪੁੱਛੇ ਜਾਣਗੇ।

ਦਿਮਾਗੀ ਪਰਖ

ਇਸ ਹਿੱਸੇ ਵਿਚ ਵਿਅਕਤੀ ਦੀ ਸਮੇਂ ਅਤੇ ਸਥਾਨ ਦੀ ਸੂਝਬੂਝ ਟੈੱਸਟ ਕਰਨ ਦੇ ਨਾਲ ਨਾਲ ਉਸ ਦੀ ਯਾਦਾਸ਼ਤ, ਆਪਣੇ ਆਪ ਨੂੰ ਪ੍ਰਗਟਾਉਣ ਅਤੇ ਸਧਾਰਨ ਗਿਣਤੀ ਮਿਣਤੀ ਕਰਨ ਦੀ ਸਮਰੱਥਾ ਨੂੰ ਟੈੱਸਟ ਕੀਤਾ ਜਾਂਦਾ ਹੈ। ਇਸ ਵਿਚ ਸ਼ਬਦਾਂ ਅਤੇ ਵਸਤੂਆਂ ਨੂੰ ਯਾਦ ਕਰਨ, ਚਿੱਤਰ ਅਤੇ ਸ਼ਬਦਜੋੜ ਬਣਾਉਣ ਅਤੇ "ਇਹ ਕਿਹੜਾ ਸਾਲ ਹੈ" ਵਰਗੇ ਸਵਾਲ ਪੁੱਛਣ ਵਰਗੀਆਂ ਚੀਜ਼ਾਂ ਸ਼ਾਮਲ ਹੋ ਸਕਦੀਆਂ ਹਨ।

ਸਰੀਰਕ ਜਾਂਚ

ਹੋਰ ਸੰਭਾਵੀ ਕਾਰਨਾਂ ਨੂੰ ਰੱਦ ਕਰਨ ਲਈ ਸਰੀਰਕ ਜਾਂਚ ਕੀਤੀ ਜਾਵੇਗੀ। ਡਾਕਟਰ ਦਿਲ, ਫੇਫੜੇ, ਜਿਗਰ, ਗੁਰਦੇ ਜਾਂ ਥਾਇਰਾਇਡ ਦੀਆਂ ਸਮੱਸਿਆਵਾਂ ਚੈੱਕ ਕਰੇਗਾ ਜਿਨ੍ਹਾਂ ਨਾਲ ਅਜਿਹੇ ਲੱਛਣ ਪੈਦਾ ਹੋ ਸਕਦੇ ਹਨ। ਇਹ ਪਤਾ ਲਾਉਣ ਲਈ ਕਿ ਕੀ ਨਰਵਿਸ ਸਿਸਟਮ ਵਿਚਲੇ ਵਿਗਾੜ ਇਹ ਲੱਛਣ ਤਾਂ ਪੈਦਾ ਨਹੀਂ ਕਰ ਰਹੇ, ਡਾਕਟਰ ਪੱਠਿਆਂ ਦੀ ਅਰੋਗਤਾ ਅਤੇ ਤਾਕਤ, ਤਾਲਮੇਲ, ਅੱਖਾਂ ਦੀ ਹਰਕਤ, ਬੋਲਚਾਲ ਅਤੇ ਮਹਿਸੂਸ ਕਰਨ ਦੀ ਸਮਰੱਥਾ ਨੂੰ ਟੈੱਸਟ ਕਰੇਗਾ।

ਲੈਬਾਰਟਰੀ ਵਿਚ ਟੈੱਸਟ

ਕਈ ਟੈੱਸਟ ਕੀਤੇ ਜਾਣਗੇ। ਖੂਨ ਦੇ ਵਿਸਥਾਰ ਵਿਚ ਟੈੱਸਟ ਆਰਡਰ ਕੀਤੇ ਜਾਣਗੇ ਤਾਂ ਜੋ ਇਹ ਪਤਾ ਲਾਉਣ ਵਿਚ ਮਦਦ ਮਿਲ ਸਕੇ ਕਿ ਖੂਨ ਦੀ ਕਮੀ, ਸ਼ੂਗਰ, ਥਾਇਰਾਇਡ ਦੀਆਂ ਸਮੱਸਿਆਵਾਂ ਜਾਂ ਇਨਫੈਕਸ਼ਨਾਂ ਵਰਗੀਆਂ ਸਮੱਸਿਆਵਾਂ ਇਨ੍ਹਾਂ ਲੱਛਣਾਂ ਦਾ ਕਾਰਨ ਤਾਂ ਨਹੀਂ ਹਨ।

ਸਮੱਸਿਆ ਦੇ ਹੋਰ ਸ੍ਰੋਤਾਂ ਦਾ ਪਤਾ ਲਾਉਣ ਲਈ ਐਕਸਰੇ ਅਤੇ ਈ ਈ ਜੀਜ਼ (ਇਲੈਕਟਰੋਨਸੀਫਾਲੋਗ੍ਰਾਮ) ਵਰਗੇ ਟੈੱਸਟ ਵੀ ਕੀਤੇ ਜਾ ਸਕਦੇ ਹਨ। ਕੁਝ ਸੈਂਟਰਾਂ ਵਿਚ ਸਕੈਨਾਂ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਅੱਗੇ ਲਿਖਿਆਂ ਦੀ ਸਿਫਾਰਸ਼ ਕੀਤੀ ਜਾ ਸਕਦੀ ਹੈ ਪਰ ਪਛਾਣ ਕਰਨ ਲਈ ਇਹ ਸਦਾ ਜ਼ਰੂਰੀ ਨਹੀਂ ਹੁੰਦੇ।

ਸੀ ਟੀ (ਕੰਪਿਊਟਰਾਇਜ਼ਡ ਟੋਮੋਗ੍ਰਾਫੀ) ਸਕੈਨ ਅਤੇ ਐੱਮ ਆਰ ਆਈ (ਮੈਗਨੈਟਿਕ ਰੈਜ਼ੋਨੈਂਸ ਇਮੇਜਿੰਗ) ਨਾਲ ਦਿਮਾਗ ਦੇ ਚਿੱਤਰ ਲਏ ਜਾਂਦੇ ਹਨ।

ਐੱਸ ਪੀ ਈ ਸੀ ਟੀ (ਸਿੰਗਲ ਪ੍ਰੋਟੋਨ ਇਮਿਸ਼ਨ ਕੰਪਿਊਟਿਡ ਟੋਮੋਗ੍ਰਾਫੀ) ਨਾਲ ਇਹ ਪਤਾ ਲੱਗਦਾ ਹੈ ਕਿ ਦਿਮਾਗ ਵਿਚ ਖੂਨ ਕਿਵੇਂ ਜਾ ਰਿਹਾ ਹੈ।

ਪੀ ਈ ਟੀ (ਪੌਜ਼ਟਿਵ ਇਲੈਕਟ੍ਰੋਨ ਟੋਮੋਗ੍ਰਾਫੀ) ਨਾਲ ਇਹ ਪਤਾ ਲੱਗਦਾ ਹੈ ਕਿ ਪੜ੍ਹਨ ਅਤੇ ਗੱਲਬਾਤ ਕਰਨ ਵਰਗੇ ਕੁਝ ਖਾਸ ਕਾਰਜਾਂ ਦੌਰਾਨ ਦਿਮਾਗ ਦੇ ਵੱਖ ਵੱਖ ਹਿੱਸੇ ਕਿਵੇਂ ਹੁੰਗਾਰਾ ਭਰ ਰਹੇ ਹਨ।

ਸਾਇਕਐਟਰਿਕ ਅਤੇ ਮਨੋਵਿਗਿਆਨਕ ਜਾਂਚ

ਸਾਇਕਐਟਰਿਕ ਜਾਂਚ ਡਿਪਰੈਸ਼ਨ ਵਰਗੀਆਂ ਉਨ੍ਹਾਂ ਹੋਰ ਬੀਮਾਰੀਆਂ ਨੂੰ ਰੱਦ ਕਰਨ ਲਈ ਮਦਦ ਕਰਨ ਵਾਲੀ ਹੋ ਸਕਦੀ ਹੈ ਜਿਹੜੀਆਂ ਕਿ ਅਲਜ਼ਾਇਮਰ ਰੋਗ ਵਰਗੇ ਲੱਛਣ ਪੈਦਾ ਕਰ ਸਕਦੀਆਂ ਹਨ। ਨਿਊਰੋ-ਸਾਇਕੋਲੋਜੀਕਲ ਟੈੱਸਟਿੰਗ ਨਾਲ ਯਾਦਾਸ਼ਤ, ਸੂਝ, ਲਿਖਤ ਆਦਿ ਦੀ ਜਾਂਚ ਕੀਤੀ ਜਾ ਸਕਦੀ ਹੈ।